NHS England

Leicestershire Partnership
NHS Trust

**A university teaching and research-active Trust**
Bridge Park Plaza
Bridge Park Road
Thurmaston
Leicester
LE4 8PQ
www.leicspart.nhs.uk

ਸਤੰਬਰ 2021

ਪਿਆਰੇ ਮਾਤਾ/ਪਿਤਾ/ਦੇਖਭਾਲਕਰਤਾ,

## ਮੌਸਮੀ ਫਲੂ ਵੈਕਸੀਨਸ਼ਨ ਪ੍ਰੋਗਰਾਮ

ਰਾਸ਼ਟਰੀ ਵੈਕਸੀਨਸ਼ਨ ਪ੍ਰੋਗਰਾਮ ਦੇ ਹਿੱਸੇ ਵਜੋਂ, ਲੈਸਟਰਸ਼ਾਇਰ ਪਾਰਟਨਰਸ਼ਿਪ NHS ਟ੍ਰਸਟ ਦੀ ਕਮਿਉਨਿਟੀ ਟੀਕਾਕਰਨ ਸੇਵਾ ਇਹਨਾਂ ਸਰਦੀਆਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੀ ਮੌਸਮੀ ਫਲੂ (ਇਨਫਲੂਏਂਜ਼ਾ) ਤੋਂ ਰੱਖਿਆ ਕਰਨ ਦਾ ਮੌਕਾ ਦੇਣਾ ਚਾਹੁੰਦੀ ਹੈ।

ਫਲੂ ਵੈਕਸੀਨਸ਼ਨ ਪ੍ਰੋਗਰਾਮ ਹਰ ਸਾਲ ਜਨਤਕ ਸਿਹਤ ਨੀਤੀ ਦੇ ਅੰਦਰ ਇੱਕ ਉੱਚ ਤਰਜੀਹ ਹੈ। ਹਾਲਾਂਕਿ, ਇਹਨਾਂ ਸਰਦੀਆਂ ਵਿੱਚ ਫਲੂ ਅਤੇ ਕੋਵਿਡ-19 ਦੇ ਇਕੱਠੇ ਫੈਲੇ ਹੋਣ ਦੇ ਜੋਖਮ ਦੇ ਮੱਦੇਨਜ਼ਰ, ਛੋਟੇ ਬੱਚਿਆਂ ਅਤੇ ਬਜ਼ੁਰਗਾਂ ਸਮੇਤ, ਬੱਚਿਆਂ ਅਤੇ ਕਮਜ਼ੋਰ ਲੋਕਾਂ ਦੀ ਰੱਖਿਆ ਕਰਨ ਅਤੇ ਸਿਹਤ ਅਤੇ ਦੇਖਭਾਲ ਪ੍ਰਣਾਲੀ ਦੀ ਨਜਿੱਠਣ ਦੀ ਸਮਰੱਥਾ ਦਾ ਸਮਰਥਨ ਕਰਨ ਲਈ ਰਾਸ਼ਟਰੀ ਫਲੂ ਟੀਕਾਕਰਨ ਪ੍ਰੋਗਰਾਮ ਬਹੁਤ ਜ਼ਰੂਰੀ ਹੋਵੇਗਾ। ਫਲੂ ਵੈਕਸੀਨਸ਼ਨ ਲਈ ਇਸ ਪੇਸ਼ਕਸ਼ ਦਾ ਵਿਸਤਾਰ ਕੀਤਾ ਗਿਆ ਹੈ ਤਾਂ ਜੋ ਸੈਕੰਡਰੀ ਸਕੂਲ ਵਿੱਚ ਵਧੇਰੇ ਨੌਜਵਾਨਾਂ ਨੂੰ ਸ਼ਾਮਲ ਕੀਤਾ ਜਾ ਸਕੇ।

ਰਿਸੈਪਸ਼ਨ ਸਾਲ ਤੋਂ ਸਾਲ 11 ਦੇ ਬੱਚਿਆਂ (1 ਸਤੰਬਰ 2005 ਅਤੇ 31 ਅਗਸਤ 2017 ਦੇ ਵਿਚਕਾਰ ਪੈਦਾ ਹੋਏ) ਨੂੰ ਸਕੂਲ ਵਿੱਚ ਨੱਕ ਰਾਹੀਂ ਦਿੱਤੀ ਜਾਣ ਵਾਲੀ ਫਲੂ ਦੀ ਵੈਕਸੀਨ ਦਿੱਤੀ ਜਾਵੇਗੀ। 2 ਅਤੇ 3 ਸਾਲ ਦੀ ਉਮਰ ਦੇ ਛੋਟੇ ਬੱਚਿਆਂ ਨੂੰ ਫਲੂ ਵੈਕਸੀਨ ਉਨ੍ਹਾਂ ਦੀ ਜੀਪੀ ਸਰਜਰੀ ਵਿਖੇ ਦਿੱਤੀ ਜਾਵੇਗੀ।

ਪ੍ਰਾਇਮਰੀ ਸਕੂਲੀ ਉਮਰ ਦੇ ਬੱਚਿਆਂ ਲਈ ਜਾਣਕਾਰੀ ਪੜ੍ਹਨ ਲਈ, ਇਸ ਵੈੱਬਸਾਈਟ 'ਤੇ ਜਾਓ: https://tinyurl.com/fluprimary

ਸੈਕੰਡਰੀ ਸਕੂਲ ਦੀ ਉਮਰ ਦੇ ਬੱਚਿਆਂ ਲਈ ਜਾਣਕਾਰੀ ਪੜ੍ਹਨ ਲਈ, ਇਸ ਵੈੱਬਸਾਈਟ 'ਤੇ ਜਾਓ: https://tinyurl.com/flusecondary

ਰਾਸ਼ਟਰੀ ਵੈਕਸੀਨਸ਼ਨ ਪ੍ਰੋਗਰਾਮ ਬਾਰੇ ਜਾਣਕਾਰੀ ਲਈ, ਦੇਖੋ: www.nhs.uk/conditions/vaccinations

ਸਿਹਤ ਸਮੱਸਿਆਵਾਂ ਵਾਲੇ ਬੱਚੇ ਜੋ ਆਮ ਤੌਰ 'ਤੇ ਆਪਣੀ ਜੀਪੀ ਸਰਜਰੀ ਦੇ ਦੌਰਾਨ ਫਲੂ ਵੈਕਸੀਨ ਪ੍ਰਾਪਤ ਕਰਦੇ ਹਨ, ਸਕੂਲ ਵਿੱਚ ਆਪਣੀ ਵੈਕਸੀਨ ਲੈ ਸਕਦੇ ਹਨ। ਲਗਭਗ ਸਾਰੇ ਬੱਚੇ ਨੱਕ ਵਿੱਚ ਦਿੱਤੀ ਜਾਣ ਵਾਲੀ ਸਪਰੇਅ ਦੇ ਤੌਰ 'ਤੇ ਵੈਕਸੀਨ ਲੈ ਸਕਣਗੇ। ਹੋ ਸਕਦਾ ਹੈ ਬਹੁਤ ਘੱਟ ਗਿਣਤੀ ਵਿੱਚ ਬੱਚੇ ਡਾਕਟਰੀ ਕਾਰਨਾਂ ਕਰਕੇ ਨੱਕ ਵਿੱਚ ਸਪਰੇਅ ਨਾ ਲੈ ਸਕਣ। ਜੇ ਅਜਿਹਾ ਹੈ, ਤਾਂ ਅਸੀਂ ਤੁਹਾਨੂੰ ਇਸਦਾ ਕਾਰਨ ਦੱਸਣ ਲਈ ਤੁਹਾਨੂੰ ਕਾਲ ਕਰਾਂਗੇ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕਰਾਂਗੇ ਕਿ ਤੁਹਾਡਾ ਬੱਚਾ ਟੀਕੇ ਵਾਲੀ ਵੈਕਸੀਨ ਲੈਣ ਦੇ ਯੋਗ ਹੈ।

## ਵਿਕਲਪਕ ਜੈਲੇਟਿਨ ਮੁਕਤ ਫਲੂ ਦਾ ਟੀਕਾ

ਅਸੀਂ ਮੰਨਦੇ ਹਾਂ ਕਿ ਕੁਝ ਮਾਪੇ ਨੱਕ ਰਾਹੀਂ ਦਿੱਤੀ ਜਾਣ ਵਾਲੀ ਫਲੂ ਦੀ ਵੈਕਸੀਨ ਦੇ ਨਿਰਮਾਣ ਵਿੱਚ ਵਰਤੀ ਜਾਣ ਵਾਲੀ ਜੈਲੇਟਿਨ ਨੂੰ ਤਰਜੀਹ ਨਹੀਂ ਦਿੰਦੇ ਹਨ; ਇਸ ਲਈ, ਅਸੀਂ ਇਸਦੀ ਬਜਾਏ ਇੱਕ ਜੈਲੇਟਿਨ ਮੁਫ਼ਤ ਵੈਕਸੀਨ ਵੀ ਦੇ ਰਹੇ ਹਾਂ। ਇਸ ਦੀ ਚੋਣ ਕਰਨ ਦਾ ਫੈਸਲਾ ਕਰਦੇ ਸਮੇਂ, ਕਿਰਪਾ ਕਰਕੇ ਧਿਆਨ ਰੱਖੋ ਕਿ ਜੈਲੇਟਿਨ ਮੁਕਤ ਵੈਕਸੀਨ:

- ਨੱਕ ਰਾਹੀਂ ਦਿੱਤੀ ਜਾਣ ਵਾਲੀ ਫਲੂ ਦੀ ਵੈਕਸੀਨ ਨਾਲੋਂ ਘੱਟ ਪ੍ਰਭਾਵਸ਼ਾਲੀ ਹੈ;

- ਮਾਸਪੇਸ਼ੀ ਵਿੱਚ ਟੀਕਾ ਲਗਾਉਣਾ ਬੇਆਰਾਮੀ ਭਰਿਆ ਅਤੇ ਮੁਸ਼ਕਲ ਹੋ ਸਕਦਾ ਹੈ। ਕਿਰਪਾ ਕਰਕੇ ਵਿਚਾਰ ਕਰੋ ਕਿ ਤੁਹਾਡਾ ਬੱਚਾ ਜਾਂ ਨੌਜਵਾਨ ਮਾਪਿਆਂ ਦੀ ਮੌਜੂਦਗੀ ਦੇ ਬਿਨਾਂ ਸਕੂਲ ਵਿੱਚ ਟੀਕਾ ਲਗਵਾ ਸਕੇਗਾ। ਜੇ ਤੁਸੀਂ ਉਨ੍ਹਾਂ ਨੂੰ ਤਿਆਰ ਕਰ ਸਕੋ ਤਾਂ ਇਹ ਲਾਭਦਾਇਕ ਹੋਵੇਗਾ।

ਹੇਠਾਂ ਦਿੱਤੇ ਬਾਕਸ ਵਿੱਚ ਜੈਲੇਟਿਨ ਮੁਕਤ ਫਲੂ ਟੀਕੇ ਦੀ ਚੋਣ ਕਰਨ ਸਮੇਤ, ਸਹਿਮਤੀ ਫਾਰਮ ਨੂੰ ਭਰਨ ਬਾਰੇ ਨਿਰਦੇਸ਼ ਹਨ।

**ਸਕੂਲ ਵਿੱਚ ਵੈਕਸੀਨ ਦਿੱਤੇ ਜਾਣ ਲਈ**

*ਤੁਸੀਂ ਸਿੱਧਾ ਸਾਡੀ ਵੈੱਬਸਾਈਟ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਕੇ ਇਸ QR ਕੋਡ ਨੂੰ ਸਕੈਨ ਕਰ ਸਕਦੇ ਹੋ*

- ਆਨਲਾਈਨ ਇਸ ਵੈੱਬਸਾਈਟ 'ਤੇ ਜਾ ਕੇ ਇੱਕ ਸਹਿਮਤੀ ਫਾਰਮ ਭਰੋ: **www.leicsandrutlandimms.co.uk**
- **ਮੌਸਮੀ ਫਲੂ** ਦੀ ਚੋਣ ਕਰੋ
- ਤੁਹਾਨੂੰ ਆਪਣੇ ਸਕੂਲ ਲਈ ਕੋਡ ਦੀ ਲੋੜ ਹੋਵੇਗੀ। **Herrick Primary School** ਲਈ ਸਕੂਲ ਕੋਡ **LE120100** ਹੈ
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

***ਮੁੱਖ ਸੁਝਾਅ:*** ਇਹ ਪੱਕਾ ਕਰੋ ਕਿ ਈਮੇਲ ਪਤੇ ਮੇਲ ਖਾਂਦੇ ਹਨ ਅਤੇ ਇਹ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਕੋਈ ਖਾਲੀ ਥਾਂ ਜਾਂ ਵਿਸ਼ਰਾਮ ਚਿੰਨ੍ਹ ਨਹੀਂ ਹਨ।

ਤੁਹਾਨੂੰ ਵੈਕਸੀਨ ਦੇਣ ਦੇ ਸੈਸ਼ਨ ਤੋਂ ਪਹਿਲਾਂ ਸਹਿਮਤੀ ਫਾਰਮ ਨੂੰ ਪੂਰੀ ਤਰ੍ਹਾਂ ਭਰਨ ਦੀ ਲੋੜ ਹੋਏਗੀ।

ਤੁਹਾਨੂੰ ਤੁਹਾਡੇ ਸਕੂਲ ਦੁਆਰਾ ਵੈਕਸੀਨੇਸ਼ਨ ਦੀ ਤਾਰੀਖ ਬਾਰੇ ਸੂਚਿਤ ਕੀਤਾ ਜਾਵੇਗਾ। ਇਹ ਤਾਰੀਖਾਂ ਸਾਡੀ ਵੈੱਬਸਾਈਟ 'ਤੇ ਵੀ ਉਪਲਬਧ ਹਨ, ਇਸ ਵੈੱਬਸਾਈਟ 'ਤੇ ਜਾਓ: www.leicspart.nhs.uk/communityimms

ਸੈਸ਼ਨ ਤੋਂ 1 ਕੰਮਕਾਜੀ ਦਿਨ ਪਹਿਲਾਂ ਅਸੀਂ ਸਿਸਟਮ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿਆਂਗੇ ਤਾਂ ਜੋ ਅਸੀਂ ਤਿਆਰੀ ਕਰ ਸਕੀਏ। ਸੈਸ਼ਨ ਦੇ ਬਾਅਦ ਜਲਦੀ ਹੀ ਸਿਸਟਮ ਨੂੰ ਦੁਬਾਰਾ ਖੋਲ੍ਹ ਦਿੱਤਾ ਜਾਵੇਗਾ ਤਾਂ ਜੋ ਤੁਸੀਂ ਸਹਿਮਤੀ ਫਾਰਮ ਭਰ ਸਕੋ ਅਤੇ ਵੈਕਸੀਨੇਸ਼ਨ ਦੇ ਵਿਕਲਪਕ ਮੌਕੇ ਦੇ ਹੋਰ ਵੇਰਵੇ ਤੁਹਾਡੇ ਨਾਲ ਸਾਂਝੇ ਕੀਤੇ ਜਾਣਗੇ।

ਜੇ ਤੁਸੀਂ ਜੈਲੇਟਿਨ ਮੁਕਤ ਫਲੂ ਟੀਕੇ ਦੀ ਚੋਣ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਮ ਵਾਂਗ ਸਹਿਮਤੀ ਫਾਰਮ ਭਰੋ। ਸਹਿਮਤੀ ਘੋਸ਼ਣਾ ਪੰਨੇ 'ਤੇ ਕਿਰਪਾ ਕਰਕੇ "ਨਹੀਂ" ਦੀ ਚੋਣ ਕਰੋ ਅਤੇ ਵਿਕਲਪ ਦਿੱਤਾ ਜਾਵੇਗਾ।

ਕਿਸੇ ਵੀ ਡਾਕਟਰੀ ਤਬਦੀਲੀਆਂ ਜਾਂ ਵੈਕਸੀਨੇਸ਼ਨ ਬਾਰੇ ਆਪਣਾ ਮਨ ਬਦਲਣ ਬਾਰੇ ਸਾਨੂੰ ਸੂਚਿਤ ਕਰਨ ਲਈ, ਕਿਰਪਾ ਕਰਕੇ ਟੀਮ ਨਾਲ ਸੰਪਰਕ ਕਰੋ।

ਜੇ ਤੁਸੀਂ ਇਸ ਨੂੰ ਆਨਲਾਈਨ ਪੂਰਾ ਨਹੀਂ ਕਰ ਸਕਦੇ ਹੋ, ਤਾਂ ਸਹਾਇਤਾ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ 0300 300 0007 'ਤੇ ਫੋਨ ਕਰੋ। ਸਾਡੀ ਟੀਮ ਵਿਚੋਂ ਕਿਸੇ ਨੂੰ ਫਾਰਮ ਨੂੰ ਪੂਰਾ ਕਰਨ ਲਈ ਤੁਹਾਨੂੰ ਵਾਪਸ ਕਾਲ ਕਰਨ ਦੀ ਲੋੜ ਹੋ ਸਕਦੀ ਹੈ।

ਵੈਕਸੀਨੇਸ਼ਨ ਦੇ ਬਾਅਦ, ਸਲਾਹ ਅਤੇ ਜਾਣਕਾਰੀ ਤੁਹਾਨੂੰ ਈਮੇਲ ਕੀਤੀ ਜਾਵੇਗੀ ਅਤੇ ਨੌਜਵਾਨ ਵਿਅਕਤੀ ਦੇ NHS ਸਿਹਤ ਰਿਕਾਰਡ ਨੂੰ ਅੱਪਡੇਟ ਕੀਤਾ ਜਾਵੇਗਾ।

ਜੇ ਬੱਚਾ ਜਾਂ ਨੌਜਵਾਨ ਉਸ ਦਿਨ ਗੈਰਹਾਜ਼ਰ ਹੈ, ਤਾਂ ਵੈਕਸੀਨੇਸ਼ਨ ਲਈ ਇੱਕ ਵਾਧੂ ਮੌਕਾ ਦਿੱਤਾ ਜਾਵੇਗਾ। **ਕਿਰਪਾ ਕਰਕੇ ਨੋਟ ਕਰੋ ਕਿ ਇਹ ਵੈਕਸੀਨ ਤੁਹਾਡੇ ਜੀਪੀ ਦੁਆਰਾ ਨਿਯਮਿਤ ਤੌਰ 'ਤੇ ਪੇਸ਼ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਤੁਹਾਡਾ ਬੱਚਾ ਜੋਖਮ ਵਾਲੇ ਸਮੂਹ ਵਿੱਚ ਨਹੀਂ ਹੈ।**

**ਕੋਵਿਡ-19**

ਜੇ ਤੁਹਾਡਾ ਬੱਚਾ ਜਾਂ ਪਰਿਵਾਰ ਦਾ ਮੈਂਬਰ ਜਿਸਦੇ ਨਾਲ ਉਹ ਰਹਿੰਦੇ ਹਨ, ਆਪਣੇ ਆਪ ਨੂੰ ਅਲੱਗ ਰੱਖ ਰਿਹਾ ਹੈ ਜਾਂ ਸੈਸ਼ਨ ਵਾਲੇ ਦਿਨ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਲੱਛਣ ਦਾ ਅਨੁਭਵ ਕਰ ਰਿਹਾ ਹੈ ਤਾਂ ਕਿਰਪਾ ਕਰਕੇ **ਵੈਕਸੀਨ ਅਪਾਇੰਟਮੈਂਟ ਲਈ ਨਾ ਜਾਓ।**

- **ਉੱਚ ਤਾਪ - ਤੁਸੀਂ ਆਪਣੀ ਛਾਤੀ ਜਾਂ ਪਿੱਠ ਨੂੰ ਛੂਹਣ 'ਤੇ ਗਰਮ ਮਹਿਸੂਸ ਕਰਦੇ ਹੋ**
- **ਨਵੀਂ ਨਿਰੰਤਰ ਖੰਘ - ਇਸਦਾ ਅਰਥ ਹੈ ਕਿ ਤੁਸੀਂ ਵਾਰ-ਵਾਰ ਖੰਘਣਾ ਸ਼ੁਰੂ ਕਰ ਦਿੱਤਾ ਹੈ।**
- **ਤੁਹਾਡੇ ਸੁੰਘਣ ਜਾਂ ਸੁਆਦ ਦੀ ਸੰਵੇਦਨਾ ਚਲੀ ਜਾਣੀ ਜਾਂ ਬਦਲ ਜਾਣੀ - ਇਸਦਾ ਮਤਲਬ ਹੈ ਤੁਸੀਂ ਧਿਆਨ ਦਿੱਤਾ ਹੈ ਕਿ ਤੁਸੀਂ ਕਿਸੇ ਵੀ ਚੀਜ਼ ਦੀ ਗੰਧ ਜਾਂ ਸੁਆਦ ਮਹਿਸੂਸ ਨਹੀਂ ਕਰ ਸਕਦੇ ਹੋ, ਜਾਂ ਚੀਜ਼ਾਂ ਦਾ ਸੁਆਦ ਜਾਂ ਗੰਧ ਆਮ ਨਾਲੋਂ ਵੱਖਰੇ ਲੱਗਦੇ ਹਨ।**

ਅਸੀਂ ਤੁਹਾਡੇ ਬੱਚੇ ਦੇ ਸਕੂਲ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਸੁਰੱਖਿਅਤ ਤਰੀਕੇ ਨਾਲ ਵੈਕਸੀਨ ਦੇਣ ਲਈ ਸਾਰੇ ਉਚਿਤ ਕੋਵਿਡ ਸੁਰੱਖਿਆ ਉਪਾਅ ਲਾਗੂ ਹਨ।

ਅਸੀਂ ਬੇਨਤੀ ਕਰਦੇ ਹਾਂ ਕਿ 12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਨੌਜਵਾਨ ਚਿਹਰੇ ਢੱਕਣ ਬਾਰੇ ਸਕੂਲ ਦੀ ਨੀਤੀ ਦੀ ਪਾਲਣਾ ਕਰਨ। ਪ੍ਰਸਾਰ ਦੇ ਜੋਖਮ ਨੂੰ ਘੱਟ ਕਰਨ ਲਈ ਸਾਡਾ ਸਟਾਫ਼ ਵਿਅਕਤੀਗਤ ਸੁਰੱਖਿਆ ਉਪਕਰਣਾਂ (PPE) ਦੀ ਵਰਤੋਂ, ਸਮਾਜਿਕ ਦੂਰੀਆਂ ਅਤੇ ਹੱਥਾਂ ਦੀ ਚੰਗੀ ਸਫਾਈ ਦੇ ਅਭਿਆਸਾਂ ਦੀ ਪਾਲਣਾ ਕਰਨਾ ਜਾਰੀ ਰੱਖੇਗਾ।

**ਵਧੇਰੇ ਜਾਣਕਾਰੀ**

ਇਹ ਮਦਦਗਾਰ ਹੋਵੇਗਾ ਜੇਕਰ ਤੁਸੀਂ ਆਪਣੇ ਬੱਚੇ ਨੂੰ ਤਿਆਰ ਕਰਨ ਲਈ ਉਸ ਨਾਲ ਇਸ ਵੈਕਸੀਨਸ਼ਨ ਬਾਰੇ ਗੱਲ ਕਰੋ। ਅਸੀਂ ਛੋਟੀਆਂ ਐਨੀਮੇਟਡ ਫਿਲਮਾਂ ਤਿਆਰ ਕੀਤੀਆਂ ਹਨ ਜੋ ਦੱਸਦੀਆਂ ਹਨ ਕਿ ਫਲੂ ਅਤੇ ਨੱਕ ਰਾਹੀਂ ਦਿੱਤੀ ਜਾਣ ਵਾਲੀ ਫਲੂ ਦੀ ਵੈਕਸੀਨ ਕੀ ਹੈ। ਵੈੱਬਸਾਈਟਾਂ ਸਿਹਤ ਨਾਲ ਸੰਬੰਧਿਤ ਵਿਸ਼ਿਆਂ ਦਾ ਇੱਕ ਸ਼ਾਨਦਾਰ ਸਰੋਤ ਵੀ ਹਨ ਅਤੇ ਇਹਨਾਂ 'ਤੇ ਦਿਲਚਸਪ ਗਤੀਵਿਧੀਆਂ ਅਤੇ ਅੰਤਰ-ਕਿਰਿਆਸ਼ੀਲ ਪ੍ਰਭਾਵਸ਼ੀਲ ਸਮੱਗਰੀ ਸ਼ਾਮਲ ਹੈ।

ਪ੍ਰਾਇਮਰੀ ਸਕੂਲੀ ਉਮਰ ਦੇ ਬੱਚਿਆਂ ਲਈ, ਦੇਖੋ: www.healthforkids.co.uk/staying-healthy/stopping-flu

ਸੈਕੰਡਰੀ ਸਕੂਲੀ ਉਮਰ ਦੇ ਬੱਚਿਆਂ ਲਈ, ਦੇਖੋ: https://www.healthforteens.co.uk/health/flu/

ਅਸੀਂ ਸਮਝਦੇ ਹਾਂ ਕਿ ਤੁਹਾਡੇ ਵਿੱਚੋਂ ਕੁਝ ਕੋਲ ਤੁਹਾਡੇ ਬੱਚਿਆਂ ਲਈ ਉਪਲਬਧ ਵੈਕਸੀਨ ਦੇ ਸੰਬੰਧ ਵਿੱਚ ਸਵਾਲ ਹੋ ਸਕਦੇ ਹਨ। ਅਸੀਂ ਆਉਣ ਵਾਲੇ ਹਫ਼ਤਿਆਂ ਵਿੱਚ ਸਿਹਤ ਪੇਸ਼ੇਵਰਾਂ ਦੀ ਇੱਕ ਪੈਨਲ ਦੇ ਨਾਲ ਮਾਪਿਆਂ ਲਈ ਕੁਝ ਸਵਾਲਾਂ ਅਤੇ ਜਵਾਬਾਂ ਦੇ ਸੈਸ਼ਨ ਰੱਖਾਂਗੇ। ਸ਼ਾਮਲ ਹੋਣ ਦੇ ਨਿਰਦੇਸ਼ਾਂ ਬਾਰੇ ਤਾਰੀਖਾਂ ਅਤੇ ਵੇਰਵਿਆਂ ਲਈ, ਕਿਰਪਾ ਕਰਕੇ Facebook, Twitter (@LPTnhs) ਅਤੇ Instagram (@lptnhs) 'ਤੇ Leicestershire Partnership NHS Trust ਨੂੰ ਫਾਲੋ ਕਰੋ।

ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਸੀਂ ਟੀਮ ਨਾਲ ਟੈਲੀਫੋਨ 'ਤੇ ਸੰਪਰਕ ਕਰ ਸਕਦੇ ਹੋ: 0300 300 0007, ਜਾਂ ਈਮੇਲ ਦੁਆਰਾ: communityimmunisations.service@nhs.net ਜਿਸ ਦੌਰਾਨ ਅਸੀਂ ਫਲੂ ਵੈਕਸੀਨਸ਼ਨ ਦੀ ਪੇਸ਼ਕਸ਼ ਕਰਦੇ ਹਾਂ ਉਸ ਵੇਲੇ ਕਾਲਾਂ ਦੀ ਮਾਤਰਾ ਵਧੇਰੇ ਹੁੰਦੀ ਹੈ ਅਤੇ ਵਿਅਸਤ ਸਮਿਆਂ 'ਤੇ ਤੁਹਾਡੀ ਕਾਲ ਦਾ ਜਵਾਬ ਦੇਣ ਲਈ ਤੁਹਾਨੂੰ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਤੁਹਾਡਾ ਵਿਸ਼ਵਾਸਪਾਤਰ,

ਡਾਕਟਰ ਟਿਮ ਡੇਵਿਸ (Tim Davis)
**ਮੁੱਖ ਸਲਾਹਕਾਰ**
**ਸਕ੍ਰੀਨਿੰਗ ਅਤੇ ਟੀਕਾਕਰਨ**
**NHS ਇੰਗਲੈਂਡ ਅਤੇ NHS ਇਮਪਰੂਵਮੈਂਟ - ਮਿਡਲੈਂਡਸ**

ਮੈਰੀ ਬਟਰਵਰਥ
**ਕਲੀਨੀਕਲ ਮੁਖੀ**
**ਸਕੂਲੀ ਉਮਰ ਲਈ ਟੀਕਾਕਰਨ ਸੇਵਾ**
**ਲੈਸਟਰਸ਼ਾਇਰ ਪਾਰਟਨਰਸ਼ਿਪ NHS ਟ੍ਰਸਟ**

**ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ**

**www.leicspart.nhs.uk/communityimms**

| | |
|---|---|
| ਅਰਬੀ | إذا كنت ترغب في قراءة هذه الرسالة بلغة أخرى، قم بزيارة موقعنا على الإنترنت |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں۔ |

## ਆਨਲਾਈਨ ਸਹਿਮਤੀ ਫਾਰਮ ਭਰਨ ਬਾਰੇ ਨੋਟ

ਇਸ ਵੈੱਬਸਾਈਟ 'ਤੇ ਜਾਓ: www.leicsandrutlandimms.co.uk

ਇਸਦੇ ਨਾਲ ਦਿੱਤੇ "ਇੱਥੇ ਕਲਿੱਕ ਕਰੋ" ਬਟਨ 'ਤੇ ਕਲਿੱਕ ਕਰਕੇ ਮੌਸਮੀ ਫਲੂ ਦੀ ਚੋਣ ਕਰੋ।

ਅਗਲੀ ਸਕ੍ਰੀਨ 'ਤੇ, ਆਪਣਾ ਈਮੇਲ ਪਤਾ ਦਾਖਲ ਕਰੋ ਅਤੇ ਪੁਸ਼ਟੀ ਕਰੋ

ਆਪਣਾ ਸਕੂਲ ਕੋਡ ਦਾਖਲ ਕਰੋ: LE120100 ਅਤੇ ਸਕੂਲ ਲੱਭੋ 'ਤੇ ਕਲਿੱਕ ਕਰੋ। ਤੁਹਾਡਾ ਸਕੂਲ ਦਾ ਨਾਮ ਦਿਖਾਈ ਦੇਣਾ ਚਾਹੀਦਾ ਹੈ।

ਸੈਸ਼ਨ ਤੋਂ 1 ਕੰਮਕਾਜੀ ਦਿਨ ਪਹਿਲਾਂ ਅਸੀਂ ਸਿਸਟਮ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿਆਂਗੇ ਤਾਂ ਜੋ ਅਸੀਂ ਤਿਆਰੀ ਕਰ ਸਕੀਏ। ਤੁਹਾਨੂੰ ਸੈਸ਼ਨ ਤੋਂ ਬਾਅਦ ਦੁਬਾਰਾ ਕੋਸ਼ਿਸ਼ ਕਰਨ ਲਈ ਕਹਿੰਦਾ ਹੋਇਆ ਇੱਕ ਸੁਨੇਹਾ ਪ੍ਰਗਟ ਹੋਵੇਗਾ ਅਤੇ ਤੁਹਾਨੂੰ ਵੈਕਸੀਨਸ਼ਨ ਦਾ ਵਿਕਲਪਕ ਮੌਕਾ ਪੇਸ਼ ਕਰੇਗਾ।

***ਮੁੱਖ ਸੁਝਾਅ:***

- ਸਾਡੇ ਹੋਮ ਪੇਜ ਨੂੰ ਲੱਭਣ ਲਈ ਤੁਸੀਂ ਆਨਲਾਈਨ “Leicester imms” ਵੀ ਖੋਜ ਸਕਦੇ ਹੋ
- ਇਹ ਪੱਕਾ ਕਰੋ ਕਿ ਈਮੇਲ ਪਤੇ ਮੇਲ ਖਾਂਦੇ ਹਨ ਅਤੇ ਇਹ ਕਿ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਕੋਈ ਖਾਲੀ ਥਾਂ ਜਾਂ ਵਿਸ਼ਰਾਮ ਚਿੰਨ੍ਹ ਨਹੀਂ ਹਨ।

**ਭਾਗ 2: ਸਹਿਮਤੀ ਘੋਸ਼ਣਾ**

ਫਲੂ ਵੈਕਸੀਨਸ਼ਨ ਲਈ ਸਹਿਮਤੀ ਦੇਣ ਲਈ ਇਸਨੂੰ ਪੂਰਾ ਕਰੋ।
ਸਿਰਫ ਟੀਕੇ ਨਾਲ ਦਿੱਤੀ ਜਾਣ ਵਾਲੀ ਵੈਕਸੀਨ ਦੀ ਚੋਣ ਕਰਨ ਦਾ ਵਿਕਲਪ ਇੱਥੇ ਦਿੱਤਾ ਜਾਵੇਗਾ।

**ਭਾਗ 3: ਮੈਡੀਕਲ ਪਿਛੋਕੜ**

ਵੈਕਸੀਨਸ਼ਨ ਦੇ ਇਤਿਹਾਸ ਅਤੇ ਵੈਕਸੀਨਸ਼ਨ ਦੌਰਾਨ ਲੋੜੀਂਦੀ ਕਿਸੇ ਸਹਾਇਤਾ ਬਾਰੇ ਸਵਾਲ ਪੂਰੇ ਕਰੋ।
**ਇਹ ਫਾਰਮ ਸਿਰਫ ਮਾਪਿਆਂ ਦੀ ਜ਼ਿੰਮੇਵਾਰੀ ਵਾਲੇ ਵਿਅਕਤੀ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ।** ਮਾਪਿਆਂ ਦੀ ਜ਼ਿੰਮੇਵਾਰੀ ਬਾਰੇ ਮਾਰਗਦਰਸ਼ਨ ਇੱਥੇ ਮਿਲ ਸਕਦਾ ਹੈ: www.gov.uk/parental-rights-responsibilities
**ਸੈਕੰਡਰੀ ਸਕੂਲ ਵਿੱਚ ਨੌਜਵਾਨ ਤੁਹਾਡੀ ਸਹਿਮਤੀ ਬਿਨਾਂ ਇਸ ਵੈਕਸੀਨਸ਼ਨ ਲਈ ਆਪਣੇ ਖੁਦ ਲਈ ਸਹਿਮਤੀ ਦੇ ਸਕਦਾ ਹੈ ਅਤੇ ਸਿਹਤ ਪੇਸ਼ੇਵਰ ਇੱਕ ਸੂਚਿਤ ਫੈਸਲਾ ਲੈਣ ਦੀ ਆਪਣੀ ਦੀ ਯੋਗਤਾ ਦਾ ਮੁਲਾਂਕਣ ਕਰਨਗੇ।**

**ਜਾਣਕਾਰੀ ਨੂੰ ਸਾਂਝਾ ਕਰਨਾ**: ਸਕੂਲ ਵਿਖੇ ਵੈਕਸੀਨਸ਼ਨ ਤੋਂ ਬਾਅਦ, ਇੱਕ ਨੋਟੀਫਿਕੇਸ਼ਨ ਦਿੱਤਾ ਜਾਵੇਗਾ ਅਤੇ ਜਾਣਕਾਰੀ ਤੁਹਾਡੇ ਬੱਚੇ ਦੇ NHS ਸਿਹਤ ਰਿਕਾਰਡ ਵਿੱਚ ਜੋੜ ਦਿੱਤੀ ਜਾਏਗੀ।

**NHS ਦੀ ਵੈੱਬਸਾਈਟ 'ਤੇ ਦਿੱਤੀ ਜਾਣਕਾਰੀ ਦਾ ਵੱਖਰੀ ਭਾਸ਼ਾ ਵਿੱਚ ਅਨੁਵਾਦ ਕਰਨ ਲਈ, ਇਸ ਵੈੱਬਸਾਈਟ 'ਤੇ ਜਾਓ:**

www.nhs.uk/accessibility/health-information-in-other-languages



2021-2-A-v1.0Punjabi